# ਹਿਦਾਇਤਾਂ ਅਤੇ ਜੁਰਮਾਨੇ
# SAR 7 ਯੋਗਤਾ ਸਥਿਤੀ ਰਿਪੋਰਟ
## Cash Aid (ਨਕਦ ਸਹਾਇਤਾ) ਅਤੇ CalFresh (ਫ਼ੂਡ ਸਟੈਂਪਾਂ) ਲਈ

ਮਦਦ ਦੀ ਲੋੜ ਹੈ? ਕਾਉਂਟੀ ਨੂੰ ਕਾਲ ਕਰੋ।

- ਜੇਕਰ ਤੁਸੀਂ ਇਕ ਪੂਰੀ ਰਿਪੋਰਟ, ਜਿਸ 'ਚ SAR 7 'ਚ ਮੌਜੂਦ ਸਭ ਸਵਾਲਾਂ ਦੇ ਜਵਾਬ ਸ਼ਾਮਲ ਹਨ, ਪਰ ਉਨ੍ਹਾਂ ਤਕ ਸੀਮਿਤ ਨਹੀਂ ਹਨ, ਨਹੀਂ ਭੇਜਦੇ ਅਤੇ ਸਾਡੇ ਦੁਆਰਾ ਸਬੂਤ ਦੀ ਮੰਗ ਕਰਨ 'ਤੇ ਉਹ ਨੱਥੀ ਨਹੀਂ ਕਰਦੇ, ਤਾਂ ਤੁਹਾਡੇ ਫ਼ਾਇਦਿਆਂ 'ਚ ਦੇਰ, ਬਦਲਾਵ ਹੋ ਸਕਦੇ ਹਨ, ਜਾਂ ਉਹ ਬੰਦ ਕੀਤੇ ਜਾ ਸਕਦੇ ਹਨ। **ਜੇਕਰ ਲੋੜ ਹੋਵੇ ਤਾਂ ਵੱਖਰਾ ਕਾਗਜ਼ ਨੱਥੀ ਕਰੋ।**
- ਤੁਹਾਡੇ ਦੁਆਰਾ ਦੱਸੇ ਜਾਣ ਵਾਲੇ ਤੱਥਾਂ ਕਰਕੇ ਤੁਹਾਡੇ ਫ਼ਾਇਦੇ ਵੱਧ, ਘੱਟ ਸਕਦੇ ਹਨ, ਜਾਂ ਬੰਦ ਕੀਤੇ ਜਾ ਸਕਦੇ ਹਨ।
- ਰਿਪੋਰਟ ਭੇਜਣ ਦੇ ਮਹੀਨੇ ਦੇ ਅਗਲੇ ਮਹੀਨੇ ਦੀ 5 ਤਾਰੀਖ਼ ਤਕ ਆਪਣੀ ਪੂਰੀ ਰਿਪੋਰਟ ਭੇਜੋ। 11 ਤਾਰੀਖ਼ ਤੋਂ ਬਾਅਦ ਉਹ ਦੇਰ ਨਾਲ ਜਮ੍ਹਾਂ ਹੋਵੇਗੀ।

## ਉਦਾਹਰਨ

**ਆਮਦਨੀ**

- ਮਿਹਨਤਾਨੇ
- ਛੁੱਟੀਆਂ 'ਚ ਆਮਦਨੀ
- In-Home Supportive Services (ਨੇਤਰਹੀਣ, ਬਜ਼ੁਰਗ, ਜਾਂ ਅਸਮਰੱਥ ਲੋਕਾਂ ਲਈ ਸੇਵਾ) (IHSS)
- ਬਾਲ/ਜੀਵਨ-ਸਾਥੀ ਸਹਾਇਤਾ
- ਬੀਮਾ ਜਾਂ ਕਨੂੰਨੀ ਸਮਝੌਤੇ
- ਕਿਰਾਏ ਤੋਂ ਆਮਦਨੀ ਅਤੇ ਕਿਰਾਇਆ ਸਹਾਇਤਾ
- ਕੋਈ ਵੀ ਸਰਕਾਰੀ ਫ਼ਾਇਦੇ
- ਸਟੇਟ ਅਸਮਰੱਥਾ ਮੁਆਵਜ਼ਾ
- ਸਵੈ-ਰੋਜ਼ਗਾਰ
- ਬਖ਼ਸ਼ੀਸ਼ਾਂ
- ਵਿਆਜ ਜਾਂ ਡਿਵਿਡੈਂਡ
- ਹੜਤਾਲ ਸਬੰਧੀ ਫ਼ਾਇਦੇ
- ਟੈਕਸ ਵਾਪਸੀਆਂ
- ਬੇਰੋਜ਼ਗਾਰੀ
- ਸਮਾਜਕ ਸੁਰੱਖਿਆ
- ਪੂਰਕ ਸੁਰੱਖਿਆ ਆਮਦਨੀ/ਸਟੇਟ ਪੂਰਕ ਭੁਗਤਾਨ (SSI/SSP)
- ਤਨਖਾਹ
- ਕਿਸੇ ਚੀਜ਼ ਦੇ ਰੂਪ 'ਚ ਆਮਦਨੀ, ਜਿਵੇਂ ਕਮਾਈ ਗਈ ਰਿਹਾਇਸ਼, ਮੁਫ਼ਤ ਰਿਹਾਇਸ਼/ਮਦਦਗਾਰ ਸੇਵਾਵਾਂ/ਕਪੜੇ/ਭੋਜਨ
- ਜੂਆ/ਲਾਟਰੀ 'ਚ ਜਿੱਤੀ ਗਈ ਰਕਮ
- ਨਕਦੀ, ਤੋਹਫ਼ੇ, ਕਰਜ਼, ਵਜ਼ੀਫ਼ੇ
- ਕੋਈ ਹੋਰ ਨਿੱਜੀ ਜਾਂ ਸਰਕਾਰੀ ਅਸਮਰੱਥਾ ਜਾਂ ਸੇਵਾਨਿਵਿਰਤੀ
- ਮੁਲਾਜ਼ਮਾਂ ਲਈ ਮੁਆਵਜ਼ਾ
- ਤਜਰਬੇਕਾਰ ਜਾਂ ਰੇਲਰੋਡ ਤੋਂ ਸੇਵਾਨਿਵਿਰਤੀ

**ਜਾਇਦਾਦ**

- ਮੋਟਰ ਵਾਹਨ
- EBT ਨਕਦ ਸਹਾਇਤਾ ਬਕਾਇਆ ਰਕਮ
- ਹੋਮ
- ਚੈਕਿੰਗ
- ਬਚਤ ਬਾਂਡਸ
- ਜ਼ਮੀਨ
- ਬਚਤ
- ਜੀਵਨ ਬੀਮਾ ਪਾਲਿਸੀਆਂ
- ਟ੍ਰਸਟਸ

**ਰਿਹਾਇਸ਼ ਸਬੰਧੀ ਖ਼ਰਚੇ**

- ਕਿਰਾਇਆ
- ਮਦਦਗਾਰ ਸੇਵਾਵਾਂ
- ਮੌਰਟਗੇਜ
- ਘਰ ਮਾਲਕਾਂ ਦਾ ਬੀਮਾ
- ਸੰਪੱਤੀ ਟੈਕਸ
- ਕੂੜਾ/ਕਚਰਾ ਇਕੱਠਾ ਕਰਨ ਦੀ ਫ਼ੀਸ

**ਖ਼ਰਚੇ**

- ਡਾਕਟਰੀ ਖ਼ਰਚੇ
- ਸਿਹਤ ਬੀਮਾ ਪ੍ਰੀਮੀਅਮ
- ਬਾਲ/ਆਸਰਤ ਦੇਖਭਾਲ
- ਕਾਲਜ ਟਿਊਸ਼ਨ ਅਤੇ ਸਮਾਨ
- ਲਾਜ਼ਮੀ ਸਕੂਲ ਫ਼ੀਸ
- ਬਾਲ/ਜੀਵਨ-ਸਾਥੀ ਸਹਾਇਤਾ
- ਆਵਾਜਾਈ
- ਕਮਰਾ ਅਤੇ ਰਿਹਾਇਸ਼
- ਰਿਹਾਇਸ਼ ਸਬੰਧੀ ਖ਼ਰਚੇ

ਕੁੱਲ ਆਮਦਨੀ ਦਾ ਮਤਲਬ ਕਟੌਤੀਆਂ ਕਰਨ ਤੋਂ ਪਹਿਲਾਂ ਤੁਹਾਨੂੰ ਮਿਲਣ ਵਾਲੀ ਰਕਮ ਹੈ (ਕਟੌਤੀਆਂ ਦੇ ਉਦਾਹਰਨ ਹਨ: ਟੈਕਸ, ਸਮਾਜਕ ਸੁਰੱਖਿਆ ਜਾਂ ਸੇਵਾਨਿਵਿਰਤੀ ਸਬੰਧੀ ਯੋਗਦਾਨ, ਸਿਹਤ ਦੇਖਭਾਲ ਯੋਜਨਾ ਪ੍ਰੀਮੀਅਮ, ਰਕਮ ਰੋਕਣ ਸਬੰਧੀ ਅਦਾਲਤੀ ਹੁਕਮ, ਵਗੈਰਾ)।

## ਜੁਰਮਾਨੇ

**ਨਕਦ ਸਹਾਇਤਾ ਸਬੰਧੀ ਧੋਖੇਆਂ ਲਈ ਜੁਰਮਾਨੇ: ਜੇਕਰ ਤੁਸੀਂ ਇਰਾਦਤਨ ਨਕਦ ਸਹਾਇਤਾ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਤਾਂ ਕੁਝ ਸਮੇਂ ਲਈ ਤੁਹਾਡੀ ਨਕਦ ਸਹਾਇਤਾ ਘਟਾਈ ਜਾ ਸਕਦੀ ਹੈ ਅਤੇ ਤੁਹਾਨੂੰ $10,000 ਤਕ ਜੁਰਮਾਨਾ ਹੋ ਸਕਦਾ ਹੈ ਅਤੇ/ਜਾਂ ਤਕਰੀਬਨ 3 ਸਾਲਾਂ ਲਈ ਜੇਲ੍ਹ ਜਾਂ ਕੈਦਖਾਨੇ 'ਚ ਭੇਜਿਆ ਜਾ ਸਕਦਾ ਹੈ।**

**ਤੁਹਾਡੀ ਨਕਦ ਸਹਾਇਤਾ ਬੰਦ ਕੀਤੀ ਜਾ ਸਕਦੀ ਹੈ:**

- ਸਾਰੇ ਤੱਥਾਂ ਦੀ ਜਾਣਕਾਰੀ ਨਾ ਦੇਣ ਲਈ ਜਾਂ ਗਲਤ ਤੱਥ ਦੇਣ ਲਈ: ਪਹਿਲੇ ਜੁਰਮ ਲਈ 6 ਮਹੀਨੇ, ਦੂਜੇ ਜੁਰਮ ਲਈ 12 ਮਹੀਨੇ, ਜਾਂ ਤੀਜੇ ਜੁਰਮ ਲਈ ਹਮੇਸ਼ਾ ਲਈ।
- ਸਮੇਂ ਦੀ ਇਕੋ ਮਿਆਦ 'ਚ ਇਕ ਤੋਂ ਜ਼ਿਆਦਾ ਕੇਸਾਂ 'ਚ ਸਹਾਇਤਾ ਪ੍ਰਾਪਤ ਕਰਨ ਲਈ ਇਕ ਜਾਂ ਵੱਧ ਅਰਜ਼ੀਆਂ ਜਮ੍ਹਾਂ ਕਰਨ ਲਈ: ਪਹਿਲੀ ਵਾਰ ਜੁਰਮ ਸਾਬਿਤ ਹੋਣ ਲਈ 2 ਸਾਲ, ਦੂਜੀ ਵਾਰ ਲਈ 4 ਸਾਲ, ਤੀਜੀ ਵਾਰ ਲਈ ਹਮੇਸ਼ਾ ਲਈ।
- ਸਹਾਇਤਾ ਪ੍ਰਾਪਤ ਕਰਨ ਲਈ ਧੋਖੇਬਾਜ਼ੀ ਦਾ ਸੰਗੀਨ ਜੁਰਮ ਸਾਬਿਤ ਹੋਣ 'ਤੇ: $2,000 ਤੋਂ ਘੱਟ ਰਕਮ ਲਈ 2 ਸਾਲ; $2,000 ਤੋਂ ਲੈ ਕੇ $4,999.99 ਦੀ ਰਕਮ ਲਈ 5 ਸਾਲ; ਅਤੇ $5,000 ਜਾਂ ਵੱਧ ਦੀ ਰਕਮ ਲਈ ਹਮੇਸ਼ਾ ਲਈ।
- ਹਮੇਸ਼ਾ ਲਈ: ਇਕੋ ਸਮੇਂ 'ਚ ਦੋ ਜਾਂ ਵੱਧ ਕਾਉਂਟੀਆਂ 'ਚ ਸਹਾਇਤਾ ਪ੍ਰਾਪਤ ਕਰਨ ਲਈ ਕਾਉਂਟੀ ਨੂੰ ਰਿਹਾਇਸ਼ ਦਾ ਨਕਲੀ ਸਬੂਤ ਦੇਣ ਲਈ; ਕਿਸੇ ਅਯੋਗ ਬੱਚੇ ਜਾਂ ਅਜਿਹੇ ਕਿਸੇ ਬੱਚੇ ਲਈ, ਜੋ ਮੌਜੂਦ ਨਹੀਂ ਹੈ, ਕਾਉਂਟੀ ਨੂੰ ਗਲਤ ਤੱਥ ਦੇਣਾ; ਧੋਖੇ ਰਾਹੀਂ ਨਕਦ ਫ਼ਾਇਦਿਆਂ 'ਚ $10,000 ਤੋਂ ਵੱਧ ਪ੍ਰਾਪਤ ਕਰਨਾ; ਕਿਸੇ ਅਦਾਲਤ ਜਾਂ ਪ੍ਰਬੰਧਕੀ ਸੁਣਵਾਈ 'ਚ ਤੀਜੀ ਵਾਰ ਧੋਖੇਬਾਜ਼ੀ ਦਾ ਜੁਰਮ ਸਾਬਿਤ ਹੋਣ 'ਤੇ।

**CALFRESH ਧੋਖੇਬਾਜ਼ੀ ਲਈ ਜੁਰਮਾਨੇ: ਜੇਕਰ ਤੁਸੀਂ ਇਰਾਦਤਨ CalFresh ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਤਾਂ ਪਹਿਲੀ ਉਲੰਘਣਾ ਲਈ 12 ਮਹੀਨੇ, ਦੂਜੀ ਉਲੰਘਣਾ ਲਈ 24 ਮਹੀਨੇ, ਅਤੇ ਤੀਜੀ ਉਲੰਘਣਾ ਲਈ ਹਮੇਸ਼ਾ ਲਈ ਤੁਹਾਡੇ CalFresh ਫ਼ਾਇਦੇ ਬੰਦ ਕੀਤੇ ਜਾ ਸਕਦੇ ਹਨ। ਅਤੇ ਤੁਹਾਨੂੰ $250,000 ਤਕ ਜੁਰਮਾਨਾ ਹੋ ਸਕਦਾ ਹੈ ਅਤੇ/ਜਾਂ 20 ਸਾਲਾਂ ਲਈ ਜੇਲ੍ਹ/ਕੈਦਖ਼ਾਨੇ 'ਚ ਭੇਜਿਆ ਜਾ ਸਕਦਾ ਹੈ।**

**ਜੇਕਰ ਤੁਹਾਨੂੰ ਕਿਸੇ ਅਦਾਲਤ ਜਾਂ ਪ੍ਰਬੰਧਕੀ ਸੁਣਵਾਈ 'ਚ ਇਨ੍ਹਾਂ ਕਾਰਨਾਂ ਵਜੋਂ ਕਸੂਰਵਾਰ ਠਹਿਰਾਇਆ ਜਾਂਦਾ ਹੈ:**

- ਤੁਸੀਂ ਹਥਿਆਰਾਂ, ਗੋਲੀਆਂ, ਜਾਂ ਵਿਸਫੋਟਕਾਂ ਲਈ CalFresh ਫ਼ਾਇਦਿਆਂ ਦਾ ਸੌਦਾ ਕੀਤਾ ਸੀ ਜਾਂ ਉਹ ਵੇਚੇ ਸਨ, ਤਾਂ ਪਹਿਲੀ ਉਲੰਘਣਾ ਲਈ ਤੁਹਾਡੇ CalFresh ਫ਼ਾਇਦੇ ਹਮੇਸ਼ਾ ਲਈ ਬੰਦ ਕੀਤੇ ਜਾ ਸਕਦੇ ਹਨ।
- ਤੁਸੀਂ ਨਿਯੰਤ੍ਰਤ ਤੱਤਾਂ ਲਈ CalFresh ਫ਼ਾਇਦਿਆਂ ਦਾ ਸੌਦਾ ਕੀਤਾ ਸੀ ਜਾਂ ਉਹ ਵੇਚੇ ਸਨ, ਤਾਂ ਤੁਹਾਡੇ CalFresh ਫ਼ਾਇਦੇ ਪਹਿਲੀ ਉਲੰਘਣਾ ਲਈ 24 ਮਹੀਨਿਆਂ ਲਈ ਅਤੇ ਦੂਜੀ ਉਲੰਘਣਾ ਲਈ ਹਮੇਸ਼ਾ ਲਈ ਬੰਦ ਕੀਤੇ ਜਾ ਸਕਦੇ ਹਨ।
- ਤੁਸੀਂ $500 ਜਾਂ ਵੱਧ ਕੀਮਤ ਦੇ CalFresh ਫ਼ਾਇਦਿਆਂ ਦਾ ਸੌਦਾ ਕੀਤਾ ਸੀ ਜਾਂ ਉਹ ਵੇਚੇ ਸਨ, ਤੁਹਾਡੇ CalFresh ਫ਼ਾਇਦੇ ਹਮੇਸ਼ਾ ਲਈ ਬੰਦ ਕੀਤੇ ਜਾ ਸਕਦੇ ਹਨ।
- ਤੁਸੀਂ ਕਾਉਂਟੀ ਨੂੰ ਪਛਾਣ ਜਾਂ ਰਿਹਾਇਸ਼ ਸਬੰਧੀ ਗਲਤ ਜਾਣਕਾਰੀ ਦਿੱਤੀ ਸੀ, ਤਾਂ ਜੋ ਤੁਸੀਂ ਇਕੋ ਸਮੇਂ 'ਚ ਇਕ ਤੋਂ ਵੱਧ ਕੇਸਾਂ 'ਚ CalFresh ਫ਼ਾਇਦੇ ਪ੍ਰਾਪਤ ਕਰ ਸਕੋ, ਤਾਂ ਤੁਹਾਡੇ CalFresh ਫ਼ਾਇਦੇ 10 ਸਾਲਾਂ ਲਈ ਬੰਦ ਕੀਤੇ ਜਾ ਸਕਦੇ ਹਨ।